# अज्ज साड्डे वेहड़े विच पौणाहारी आये

ਅੱਜ ਸਾਡੇ ਵੇਹੜੇ ਵਿੱਚ, ਪੌਣਾਹਾਰੀ ਆਏ ॥
ਪੌਣਾਹਾਰੀ ਆਏ, ਦੇਖੋ ਦੁੱਧਾਧਾਰੀ ਆਏ* ।
ਅੱਜ ਸਾਡੇ,,, ਜੈ ਹੋ ॥। ਵੇਹੜੇ ਵਿੱਚ ਪੌਣਾਹਾਰੀ ਆਏ ॥

ਮੋਰ ਸਵਾਰੀ, ਕਰਕੇ ਜੋਗੀ, "ਭਗਤਾਂ ਦੇ ਘਰ ਆਇਆ ਏ" ।
ਕਰਮਾਂ ਵਾਲੇ, ਭਗਤਾਂ ਨੇ ਤਾਂ, "ਬਾਬੇ ਦਾ ਦਰਸ਼ਨ ਪਾਇਆ ਏ" ॥
*ਛੋਟੀ ਉਮਰ ਦਾ, ਬਾਲਕ ਸੋਹਣਾ, ਸਭ ਦੇ ਮਨ ਨੂੰ ਭਾਏ,,,
ਅੱਜ ਸਾਡੇ,,, ਜੈ ਹੋ ॥। ਵੇਹੜੇ ਵਿੱਚ,,,,,,,,,,,,,,,,,,,,,,,,,

ਰੋਟ ਮਣੀ, ਪ੍ਰਸ਼ਾਦ ਬਣਾਇਆ, "ਨਾਮ ਦੀ ਜੋਤ ਜਗਾਈ ਏ" ।
ਫੁੱਲਾਂ ਵਾਲੇ, ਹਾਰ ਬਣਾਕੇ, "ਮੂਰਤੀ ਅਸੀਂ ਸਜਾਈ ਏ" ॥
*ਸਵਰਗ ਹੋ ਗਈਆਂ, ਥਾਂਵਾਂ ਜਿੱਥੇ, ਚਰਨ ਬਾਬੇ ਨੇ ਪਾਏ,,,
ਅੱਜ ਸਾਡੇ,,, ਜੈ ਹੋ ॥। ਵੇਹੜੇ ਵਿੱਚ,,,,,,,,,,,,,,,,,,,,,,,,,

ਸੀਸ ਤੇ ਓਹਦੇ, ਜਟਾਂ ਸੁਨਹਿਰੀ, "ਅੰਗ ਭਬੂਤੀ ਰਮਾਈ ਏ" ।
ਪੈਰੀ ਪਊਏ, ਹੱਥ ਵਿੱਚ ਚਿਮਟਾ, "ਮੌਂਢੇ ਝੋਲੀ ਪਾਈ ਏ" ॥
*ਜਿਸ ਵੱਲ ਦੇਖੇ, ਉਸਨੂੰ ਤਾਰੇ, ਨਿਗਾਹ ਮੇਹਰ ਦੀ ਪਾਏ,,,
ਅੱਜ ਸਾਡੇ,,, ਜੈ ਹੋ ॥। ਵੇਹੜੇ ਵਿੱਚ,,,,,,,,,,,,,,,,,,,,,,,,,

ਵਿੱਚ ਗੁਫ਼ਾ ਦੇ, ਆਸਣ ਲਾ ਕੇ, "ਲੱਖਾਂ ਦੁਨੀਆਂ ਤਾਰੀ ਏ" ।
ਮੂੰਹੋਂ ਮੰਗੀਆਂ, ਮੁਰਾਦਾਂ ਪਾਵੇ, "ਜੇਹੜਾ ਓਹਦਾ ਪੁਜਾਰੀ ਏ" ॥
*ਭਗਤ ਕੈਲਾਸ਼, ਨਾਥ ਨੇ ਵੀ, ਬਾਬੇ ਦੇ ਦਰਸ਼ਨ ਪਾਏ,,,
ਅੱਜ ਸਾਡੇ,,, ਜੈ ਹੋ ॥। ਵੇਹੜੇ ਵਿੱਚ,,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27364/title/ajj-saade-vehde-vich-paunahari-aaye

अपने Android मोबाइल पर BhajanGanga App डाउनलोड करें और भजनों का आनंद ले |